# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES

WORLD PUNJABI TIMES — REACHING THE WORLD

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times — 22 ਅਗਸਤ 2025 ਦਿਨ ਸ਼ੁੱਕਰਵਾਰ — ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਐੱਨ ਐੱਸ ਕਿਉ ਐੱਫ ਵੋਕੇਸ਼ਨਲ ਫਰੰਟ ਦੀ ਚਿਤਾਵਨੀ:- 20 ਅਗਸਤ ਦੀ ਮੀਟਿੰਗ 'ਚ ਮਸਲੇ ਹੱਲ ਨਾ ਹੋਏ ਤਾਂ ਅਮਨ ਅਰੋੜਾ ਦੀ ਰਿਹਾਇਸ਼ ਦਾ ਘਿਰਾਓ

ਵਰਲਡ ਪੰਜਾਬੀ ਟਾਈਮਜ਼ — ਧਰਮ ਪ੍ਰਵਾਨਾਂ

ਫ਼ਰੀਦਕੋਟ 22 ਅਗਸਤ : ਅੱਜ ਗੁਰਜਿੰਦਰ ਸਿੰਘ ਜਿਲਾ ਪ੍ਰਧਾਨ ਫਰੀਦਕੋਟ ਵੱਲੋਂ ਦੱਸਿਆ ਗਿਆ ਕਿ ਐੱਨ ਐੱਸ ਕਿਉ ਐੱਫ (ਨੈਸ਼ਨਲ ਸਕਿੱਲ ਕੁਆਲੀਫਿਕੇਸ਼ਨ ਫਰੇਮਵਰਕ) ਵੋਕੇਸ਼ਨਲ ਅਧਿਆਪਕ ਫਰੰਟ ਨੇ ਸਰਕਾਰ ਨੂੰ ਸਖ਼ਤ ਚਿਤਾਵਨੀ ਜਾਰੀ ਕਰਦਿਆਂ ਕਿਹਾ ਹੈ ਕਿ ਜੇਕਰ 20 ਅਗਸਤ ਨੂੰ ਚੰਡੀਗੜ੍ਹ ਵਿੱਚ ਸਬ-ਕਮੇਟੀ ਨਾਲ ਹੋਣ ਵਾਲੀ ਮੀਟਿੰਗ ਵਿੱਚ ਉਹਨਾਂ ਦੇ 11 ਸਾਲਾਂ ਤੋਂ ਲਟਕਦੇ ਮਸਲਿਆਂ ਦਾ ਹੱਲ ਨਾ ਨਿਕਲਿਆ, ਤਾਂ 24 ਅਗਸਤ ਨੂੰ ਆਮ ਆਦਮੀ ਪਾਰਟੀ (ਆਪ) ਦੇ ਨੇਤਾ ਅਮਨ ਅਰੋੜਾ ਦੀ ਸੁਨਾਮ ਸਥਿਤ ਰਿਹਾਇਸ਼ ਦਾ ਘਿਰਾਓ ਕੀਤਾ ਜਾਵੇਗਾ।

ਫਰੰਟ ਦੇ ਆਗੂਆਂ ਨੇ ਸਰਕਾਰ 'ਤੇ ਗੰਭੀਰ ਇਲਜ਼ਾਮ ਲਾਉਂਦਿਆਂ ਕਿਹਾ ਕਿ ਪੰਜਾਬ ਦੀ ਮਾਨ ਸਰਕਾਰ ਉਹਨਾਂ ਦੀਆਂ ਮੰਗਾਂ ਨੂੰ ਜਾਣਬੁੱਝ ਕੇ ਨਜ਼ਰਅੰਦਾਜ਼ ਕਰ ਰਹੀ ਹੈ। ਉਹਨਾਂ ਦੋਸ਼ ਲਾਇਆ ਕਿ ਸਰਕਾਰ ਵਾਰ-ਵਾਰ ਮੀਟਿੰਗਾਂ ਦੇ ਬਹਾਨੇ ਵਾਅਦਿਆਂ ਤੋਂ ਮੁਕਰ ਜਾਂਦੀ ਹੈ ਅਤੇ ਅਧਿਕਾਰੀ ਟਾਲ-ਮਟੋਲ ਦਾ ਰਵੱਈਆ ਅਪਣਾ ਰਹੇ ਹਨ। ਐੱਨਐੱਸਕਿਉਐੱਫ ਵੋਕੇਸ਼ਨਲ ਅਧਿਆਪਕ, ਜੋ ਸਰਕਾਰੀ ਸਕੂਲਾਂ ਵਿੱਚ ਆਊਟਸੋਰਸ ਸਕੀਮ ਅਧੀਨ ਪ੍ਰਾਈਵੇਟ ਕੰਪਨੀਆਂ ਰਾਹੀਂ ਭਰਤੀ ਕੀਤੇ ਜਾਂਦੇ ਹਨ, ਨੂੰ ਨੌਕਰੀ ਵਿੱਚ ਅਨੇਕ ਸਮੱਸਿਆਵਾਂ ਦਾ ਸਾਮਣਾ ਕਰਨਾ ਪੈ ਰਿਹਾ ਹੈ।




ਕੁਲਦੀਪ ਕੁਮਾਰ ਵਿੱਤ ਸਕੱਤਰ ਜਿਲਾ ਫਰੀਦਕੋਟ ਨੇ ਦੱਸਿਆ ਕਿ ਸੱਤਾ ਵਿੱਚ ਆਉਣ ਤੋਂ ਪਹਿਲਾਂ ਮਾਨ ਸਰਕਾਰ ਨੇ

ਆਊਟਸੋਰਸ ਕਾਮਿਆਂ ਨੂੰ ਪੱਕੇ ਕਰਨ ਦਾ ਵਾਅਦਾ ਕੀਤਾ ਸੀ, ਪਰ ਅੱਜ ਵੀ ਅਧਿਆਪਕਾਂ ਨਾਲ ਮਤਰੇਈ ਮਾਂ ਵਰਗਾ ਵਿਵਹਾਰ ਕੀਤਾ ਜਾ ਰਿਹਾ ਹੈ। ਉਹਨਾਂ ਨੇ ਚਿੰਤਾ ਜ਼ਾਹਰ ਕੀਤੀ ਕਿ ਅਧਿਆਪਕਾਂ ਨੂੰ ਨਿਗੂਣੀਆਂ ਤਨਖ਼ਾਹਾਂ ਮਿਲਦੀਆਂ ਹਨ ਅਤੇ ਉਹਨਾਂ ਨੂੰ ਆਪਣੇ ਘਰਾਂ ਤੋਂ ਸੈਂਕੜੇ ਕਿਲੋਮੀਟਰ ਦੂਰ ਡਿਊਟੀ ਕਰਨੀ ਪੈਂਦੀ ਹੈ। ਨੌਕਰੀ ਦੀ ਸੁਰੱਖਿਆ ਦਾ ਅਭਾਵ ਅਤੇ ਟਰਾਂਸਫਰ ਸਕੀਮ ਦੀ ਗੈਰ-ਮੌਜੂਦਗੀ ਨੇ ਅਧਿਆਪਕਾਂ ਦੀਆਂ ਮੁਸ਼ਕਲਾਂ ਨੂੰ ਹੋਰ ਵਧਾ ਦਿੱਤਾ ਹੈ। ਇਸ ਤੋਂ ਇਲਾਵਾ, ਪ੍ਰਾਈਵੇਟ ਕੰਪਨੀਆਂ ਵੱਲੋਂ ਮੁਲਾਜ਼ਮਾਂ ਦਾ ਸ਼ੋਸ਼ਣ ਵੀ ਲਗਾਤਾਰ ਜਾਰੀ ਹੈ।

NSQF ਫਰੰਟ ਨੇ ਸਰਕਾਰ ਤੋਂ ਮੰਗ ਕੀਤੀ ਕਿ 'ਬਰਾਬਰ ਕੰਮ, ਬਰਾਬਰ ਤਨਖ਼ਾਹ' ਦਾ ਸਿਧਾਂਤ ਲਾਗੂ ਕੀਤਾ ਜਾਵੇ ਅਤੇ ਅਧਿਆਪਕਾਂ ਨੂੰ ਆਊਟਸੋਰਸ ਸਕੀਮ ਤੋਂ ਹਟਾ ਕੇ ਸਿੱਧੇ ਵਿਭਾਗ ਦੇ ਕੰਟਰੈਕਟ 'ਤੇ ਲਿਆਂਦਾ ਜਾਵੇ। ਉਹਨਾਂ ਨੇ ਸਰਕਾਰ ਨੂੰ ਚੇਤਾਵਨੀ ਦਿੱਤੀ ਕਿ ਜੇਕਰ ਮੰਗਾਂ ਨਾ ਮੰਨੀਆਂ ਗਈਆਂ ਤਾਂ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ।

ਇਸ ਮੌਕੇ ਜਿਲ੍ਹਾ ਫ਼ਰੀਦਕੋਟ ਕਮੇਟੀ ਮੈਂਬਰ ਜਤਿੰਦਰ ਸੰਧਾ, ਰਮਨਦੀਪ ਗਿੱਲ, ਸਤਨਾਮ ਸਿੰਘ, ਸੁਨੀਲ ਕੁਮਾਰ, ਗੁਰਮੀਤ ਸਿੰਘ ਅਤੇ ਗੁਰਜੰਟ ਸਿੰਘ ਤੇ ਹੋਰ ਮੈਬਰਾਂ ਨੇ ਵੀ ਸਰਕਾਰ ਦੀਆਂ ਨੀਤੀਆਂ ਦੀ ਸਖ਼ਤ ਨਿਖੇਧੀ ਕਰਦਿਆਂ ਅਧਿਆਪਕਾਂ ਦੇ ਹੱਕ ਵਿੱਚ ਆਵਾਜ਼ ਬੁਲੰਦ ਕੀਤੀ।

## ਸਵਤੰਤਰਤਾ ਸੰਗਰਾਮੀ ਜਥੇਦਾਰ ਕਰਤਾਰ ਸਿੰਘ ਦਰਵੇਸ਼ ਸਸਸਸ (ਐੱਸ ਓ ਈ)( ਰਾਜ ਹਾਈ)ਸੰਗਰੂਰ ਦੇ ਵਿਦਿਆਰਥੀਆਂ ਨੇ ਖੇਡਾਂ ਵਿੱਚ ਮਾਰੀਆਂ ਮੱਲਾਂ।

ਵਰਲਡ ਪੰਜਾਬੀ ਟਾਈਮਜ਼ — ਰਣਬੀਰ ਸਿੰਘ ਪ੍ਰਿੰਸ

ਸੰਗਰੂਰ 22 ਅਗਸਤ : ਅਸ.ਸੰ.ਜ.ਕ.ਸ.ਦ.ਸਸਸਸ.ਐੱਸ.ਓ.ਈ. (ਨੀਲ ਕੋਠੀ ਵਿੰਗ) ਡੀ ਡੀ ਓ ਸ੍ਰੀ ਹਰਦੇਵ ਕੁਮਾਰ ਜੀ/ਪ੍ਰਿੰਸੀਪਲ ਇੰਚਾਰਜ ਸ੍ਰ ਭੁਪਿੰਦਰ ਸਿੰਘ ਦੀ ਅਗਵਾਈ ਹੇਠ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਕਰਵਾਈਆਂ ਜਾ ਰਹੀਆਂ ਜ਼ਿਲ੍ਹਾ ਪੱਧਰੀ ਖੇਡਾਂ ਵਿੱਚ ਵੱਖ ਵੱਖ ਵਰਗ ਦੇ ਬੱਚਿਆਂ ਨੇ ਭਾਗ ਲਿਆ। ਜਿਸ ਵਿੱਚ ਸਕੂਲ ਦੀ ਹਾਕੀ ਟੀਮ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਜਿਸ ਵਿੱਚ ਤਨਵੀਰ ਕੁਮਾਰ, ਕ੍ਰਿਸ਼ , ਕਬੀਰ ਛੇਵੀਂ ਸ਼੍ਰੇਣੀ ਅਤੇ ਮਨਜੋਤ ਸਿੰਘ ਸੱਤਵੀਂ ਨੇ ਵਧੀਆ ਪ੍ਰਦਰਸ਼ਨ ਕੀਤਾ।ਲੱਕੀ




ਪਰੋਚਾ ਨੇ ਗੋਲਡ ਮੈਡਲ, ਗੋਬਿੰਦ ਕੁਮਾਰ ਨੇ ਗੋਲਡ ਮੈਡਲ, ਅਤੇ ਤੁਸ਼ਾਰ ਨੇ ਚਾਂਦੀ ਦਾ ਮੈਡਲ ਪ੍ਰਾਪਤ ਕੀਤਾ। ਪ੍ਰਿੰਸੀਪਲ ਵੱਲੋਂ ਪਹਿਲੇ, ਦੂਜੇ ਅਤੇ ਤੀਜੇ ਸਥਾਨ ਤੇ ਰਹਿਣ ਵਾਲੇ ਬੱਚਿਆਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਕੂਲ ਦਾ ਸਮੂਹ ਸਟਾਫ਼ ਹਾਜ਼ਰ ਰਿਹਾ। ਜਿਸ ਵਿੱਚ ਸ਼੍ਰੀਮਤੀ ਅਨੀਤਾ ਬੱਤਰਾ, ਮੈਡਮ ਸੋਨੀਆ ਵੀਰ ਕੁਮਾਰ, ਮੈਡਮ ਜਸਪ੍ਰੀਤ ਕੌਰ, ਮੈਡਮ ਨੇਹਾ, ਮੈਡਮ ਅੰਜੂ ਜੈਨ, ਮੈਡਮ ਮਿਨਾਕਸ਼ੀ ਜਿੰਦਲ, ਮੈਡਮ ਰੀਨਾ ਸਿੰਗਲਾ, ਮੈਡਮ ਨਸੀਬ ਕੌਰ, ਮੈਡਮ ਮਨਪ੍ਰੀਤ ਕੌਰ, ਮੈਡਮ ਜਸਪ੍ਰੀਤ ਕੌਰ, ਮੈਡਮ ਟੀਨੂ ਬਾਂਸਲ, ਮੈਡਮ ਨੀਲਮ ਅਤੇ ਲੇਖਕ ਰਣਬੀਰ ਸਿੰਘ ਪ੍ਰਿੰਸ ਆਦਿ ਸ਼ਾਮਿਲ ਰਹੇ। ਸਕੂਲ ਦੇ ਸਮੂਹ ਸਟਾਫ਼ ਅਤੇ ਮਾਪਿਆਂ ਵੱਲੋਂ ਬੱਚਿਆਂ ਦੀ ਮਿਹਨਤ ਤੇ ਜਿੱਤ ਪ੍ਰਾਪਤੀ ਲਈ ਖੁਸ਼ੀ ਪ੍ਰਗਟਾਈ । ਜਿਨ੍ਹਾਂ ਨੇ ਸੰਸਥਾ ਦਾ ਨਾਮ ਰੌਸ਼ਨ ਕੀਤਾ।

## ਇੰਡੀਆ ਸਕਿੱਲਸ ਮੁਕਾਬਲੇ 2025 ਲਈ ਰਜਿਸਟਰੇਸ਼ਨ ਸ਼ੁਰੂ : ਵਧੀਕ ਡਿਪਟੀ ਕਮਿਸ਼ਨਰ

### ਆਖਿਆ! ਪ੍ਰਾਰਥੀ 30 ਸਤੰਬਰ 2025 ਤੱਕ ਕਰ ਸਕਦੇ ਹਨ ਅਪਲਾਈ

ਵਰਲਡ ਪੰਜਾਬੀ ਟਾਈਮਜ਼ — ਟਿੰਕੂ ਕੁਮਾਰ



ਕੋਟਕਪੂਰਾ, 22 ਅਗਸਤ : ਵਧੀਕ ਡਿਪਟੀ ਕਮਿਸ਼ਨਰ (ਵਿਕਾਸ)-ਕਮ-ਮੁੱਖ ਕਾਰਜਕਾਰੀ ਅਫ਼ਸਰ, ਜਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਨਰਭਿੰਦਰ ਸਿੰਘ ਗਰੇਵਾਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਵੱਖ-ਵੱਖ ਤਰ੍ਹਾਂ ਦੇ 63 ਹੁਨਰ ਮੁਕਾਬਲਿਆਂ ਲਈ ਰਜਿਸਟਰੇਸ਼ਨ ਸ਼ੁਰੂ ਹੋ ਚੁੱਕੀਆਂ ਹਨ। ਇਨ੍ਹਾਂ ਰਜਿਸਟਰੇਸ਼ਨਾਂ ਦੇ ਤਹਿਤ ਪਹਿਲਾ ਜਿਲ੍ਹਾ ਪੱਧਰ ਤੇ ਸਕਿੱਲ ਮੁਕਾਬਲੇ ਆਯੋਜਿਤ ਕੀਤੇ ਜਾਣਗੇ। ਇਹਨਾਂ ਮੁਕਾਬਲਿਆਂ ਵਿੱਚ ਜੇਤੂ ਸਿਖਿਆਰਥੀਆਂ ਨੂੰ ਫਿਰ ਸਟੇਟ ਪੱਧਰੀ ਮੁਕਾਬਲਿਆਂ ਵਿੱਚ ਭਾਗ ਲੈਣ ਦਾ ਮੌਕਾ ਦਿੱਤਾ ਜਾਵੇਗਾ। ਇਸ ਤੋਂ ਬਾਅਦ ਵਿੱਚ ਨੈਸ਼ਨਲ ਪੱਧਰ ਦੇ ਮੁਕਾਬਲਿਆਂ ਵਿੱਚ ਬੇਹਤਰੀਨ ਪ੍ਰਦਰਸ਼ਨ ਕਰਨ ਵਾਲੇ ਸਿਖਿਆਰਥੀਆਂ ਨੂੰ ਵਿਸ਼ਵ ਹੁਨਰ ਮੁਕਾਬਲੇ 2026 ਵਿੱਚ ਇੰਡੀਆ ਵਲੋਂ ਆਪਣੀ ਸਕਿੱਲ ਨੂੰ ਇੰਟਰਨੈਸ਼ਨਲ ਪੱਧਰ 'ਤੇ ਪ੍ਰਦਰਸ਼ਨ ਕਰਨ ਦਾ ਇਕ ਬੇਹਤਰੀਨ ਮੌਕਾ ਹੋਵੇਗਾ। ਉਨ੍ਹਾਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਵਿਸ਼ਵ ਮੁਕਾਬਲੇ ਸੰਘਾਈ, ਚੀਨ ਵਿੱਚ 2026 ਵਿੱਚ ਆਯੋਜਿਤ ਹੋਣ ਦੀ ਸੰਭਾਵਨਾ ਹੈ। ਉਨ੍ਹਾਂ ਕਿਹਾ ਕਿ ਫ਼ਰੀਦਕੋਟ ਵਿੱਚ ਪੈਂਦੇ ਸਮੂਹ ਆਈ.ਟੀ.ਆਈ. ਪੌਲੀਟੈਕਨਿਕ, ਟਰੇਨਿੰਗ ਸੈਂਟਰ ਅਤੇ ਸੰਬੰਧਿਤ ਸੰਸਥਾਵਾਂ ਇਸ ਸਬੰਧੀ ਜਾਣਕਾਰੀ ਨੂੰ ਵੱਖ-ਵੱਖ ਮਾਧਿਅਮਾਂ ਰਾਹੀਂ ਵੱਧ ਤੋਂ ਵੱਧ ਸਿਖਿਆਰਥੀਆਂ ਨਾਲ ਸਾਂਝਾ ਕਰਨਾ ਯਕੀਨੀ ਬਣਾਉਣ ਤਾਂ ਜੋ ਯੋਗ ਸਿਖਿਆਰਥੀ ਵੱਧ ਤੋਂ ਵੱਧ ਇਹਨਾਂ ਮੁਕਾਬਲਿਆਂ ਦਾ ਫਾਇਦਾ ਉਠਾ ਸਕਣ ਅਤੇ ਆਪਣੇ ਹੁਨਰ ਨਾਲ ਇੰਡੀਆ ਦਾ ਨਾਮ ਵਿਸ਼ਵ ਪੱਧਰ 'ਤੇ ਰੋਸ਼ਨ ਕਰਨ ਵਿੱਚ ਆਪਣਾ ਅਹਿਮ ਯੋਗਦਾਨ ਪਾ ਸਕਣ। ਉਨ੍ਹਾਂ ਕਿਹਾ ਕਿ ਇਸ ਸੰਬੰਧੀ ਜਾਣਕਾਰੀ ਟੈਕਨੀਕਲ ਸੰਸਥਾਵਾਂ ਦੇ ਬੋਰਡਾਂ, ਹੋਸਟਲਾਂ ਅਤੇ ਵਰਕਸ਼ਾਪਾਂ ਦੁਆਰਾਂ ਸਿਖਿਆਰਥੀਆਂ ਨਾਲ ਸਾਂਝੀ ਕੀਤੀ ਜਾਵੇ। ਕੋਈ ਵੀ ਸਿਖਿਆਰਥੀ ਰਜਿਸਟਰੇਸ਼ਨ ਲਈ ਇਸ ਲਿੰਕ 'ਤੇ ਜਾ ਕੇ https://www.skillindiadigital.gov.in/home ਆਪਣਾ ਰਜਿਸਟਰੇਸ਼ਨ ਕਰ ਸਕਦਾ ਹੈ। ਇਸ ਲਿੰਕ ਤੇ ਅਪਲਾਈ ਕਰਨ ਵਾਲੇ ਸਿਖਿਆਰਥੀ ਦੀ ਉਮਰ 1 ਜਨਵਰੀ 2004 ਜਾਂ ਇਸ ਤੋਂ ਬਾਅਦ ਦੀ ਹੋਣੀ ਜਰੂਰੀ ਹੈ। ਇਸ ਲਿੰਕ ਤੇ ਮੌਜੂਦ 63 ਸਕਿੱਲਸ 'ਚੋਂ ਪ੍ਰਾਰਥੀ ਕਿਸੇ ਇੱਕ ਵਿੱਚ ਭਾਗ ਲੈ ਸਕਦਾ ਹੈ। ਇਸ ਲਿੰਕ 'ਤੇ ਅਪਲਾਈ ਕਰਨ ਲਈ ਪ੍ਰਾਰਥੀ ਦਾ ਸਕਿੱਲ ਇੰਡੀਆ ਡਿਜੀਟਲ ਹੱਬ (ਐਸ.ਆਈ.ਡੀ.ਐਚ) ਪੋਰਟਲ ਤੇ ਈ.ਕੇ.ਵਾਈ.ਸੀ ਪ੍ਰੋਸੱਸ ਪੂਰਾ ਕੀਤਾ ਹੋਣਾ ਜ਼ਰੂਰੀ ਹੈ ਫਿਰ ਹੀ ਪ੍ਰਾਰਥੀ ਆਖਰੀ ਮਿਤੀ 30-09-2025 ਤੱਕ ਅਪਲਾਈ ਕਰ ਸਕਦਾ ਹੈ। ਕਿਸੇ ਵੀ ਤਰ੍ਹਾਂ ਦੀ ਆਫਲਾਈਨ ਰਜਿਸਟਰੇਸ਼ਨ ਮਨਜ਼ੂਰ ਨਹੀਂ ਕੀਤੀ ਜਾਵੇਗੀ। ਪ੍ਰਾਰਥੀ ਕਿਸੇ ਵੀ ਤਰਾਂ ਦੀ ਪੂਰੀ ਜਾਣਕਾਰੀ ਜਾਂ ਹੋਰ ਜਾਣਕਾਰੀ ਲਈ https://worldskillsindia.co.in/ ਇਸ ਲਿੰਕ ਤੇ ਜਾ ਸਕਦੇ ਹਨ। ਉਨ੍ਹਾਂ ਸਮੂਹ ਟਰੇਨਰਾਂ, ਇੰਸਟਰਕਟਰਾਂ ਅਤੇ ਸੰਸਥਾਵਾਂ ਦੇ ਮੁਖੀਆਂ ਨੂੰ ਸਬੰਧਤ ਸਿਖਿਆਰਥੀਆਂ ਦੀ ਰਜਿਸਟਰੇਸ਼ਨ ਲਈ ਵੱਧ ਤੋਂ ਵੱਧ ਗਾਈਡ ਕਰਨ ਲਈ ਕਿਹਾ ਜੇਕਰ ਫਿਰ ਵੀ ਕਿਸੇ ਪ੍ਰਾਰਥੀ ਜਾਂ ਸੰਸਥਾ ਨੂੰ ਕੋਈ ਵੀ ਸਮੱਸਿਆ ਪੇਸ਼ ਆਉਂਦੀ ਹੈ ਤਾਂ ਜਿਲ੍ਹਾ ਪ੍ਰੋਗਰਾਮ ਮੈਨੇਜਮੈਂਟ ਯੂਨਿਟ ਦੇ ਅਧਿਕਾਰੀਆਂ ਨਾਲ ਜਿਲ੍ਹਾ ਰੁਜਗਾਰ ਦਫ਼ਤਰ ਦੇ ਕਮਰਾ ਨੰਬਰ 5 ਵਿੱਚ ਸੰਪਰਕ ਕਰ ਸਕਦੇ ਹਨ।

## ਤਰਕਸ਼ੀਲ ਸੁਸਾਇਟੀ ਕੈਲਗਰੀ ਵੱਲੋਂ ਚੈਸਟਰਮੀਅਰ ਵਿੱਚ ਕਰਵਾਇਆ ਗਿਆ ਤਰਕਸ਼ੀਲ ਮੇਲਾ

ਵਰਲਡ ਪੰਜਾਬੀ ਟਾਈਮਜ਼ — ਹਰਦਮ ਮਾਨ



ਸਰੀ, 22 ਅਗਸਤ : ਬੀਤੇ ਦਿਨੀਂ ਤਰਕਸ਼ੀਲ (ਰੈਸ਼ਨਲਿਸਟ) ਸੁਸਾਇਟੀ ਇਕਾਈ ਕੈਲਗਰੀ ਵੱਲੋਂ ਚੈਸਟਰਮੀਅਰ ਦੇ ਕਮਿਊਨਿਟੀ ਹਾਲ ਵਿੱਚ ਤਰਕਸ਼ੀਲ ਮੇਲਾ ਕਰਵਾਇਆ ਗਿਆ। ਇਹ ਮੇਲਾ ਪਿਛਲੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਤਰਕਸ਼ੀਲ ਸੁਸਾਇਟੀ ਕਨੈਡਾ ਦੇ ਮੀਡੀਆ ਸਕੱਤਰ ਡਾ.ਬਲਜਿੰਦਰ ਸੇਖੋਂ ਨੂੰ ਸਮਰਪਿਤ ਸੀ। ਜਿਸ ਵਿੱਚ ਡਾ. ਸੁਰਿੰਦਰ ਸ਼ਰਮਾ ਵੱਲੋ ਨਿਰਦੇਸ਼ ਕੀਤਾ ਗਿਆ ਨਾਟਕ 'ਛਿਪਣ ਤੋਂ ਪਹਿਲਾਂ' ਕੈਲਗਿਰੀ ਦੇ ਸਥਾਨਕ ਕਲਾਕਾਰਾਂ ਵੱਲੋ ਖੇਡਿਆ ਗਿਆ। ਸੁਰਿੰਦਰ ਸ਼ਰਮਾ ਦੀ ਇਸ ਬਾ-ਕਮਾਲ ਪੇਸ਼ਕਾਰੀ ਨੇ ਦਰਸ਼ਕਾਂ ਨੂੰ ਬੇਹੱਦ ਭਾਵੁਕ ਕੀਤਾ ਅਤੇ ਖਚਾਖਚ ਭਰੇ ਹਾਲ ਵਿਚਲੀ ਹਰ ਅੱਖ 'ਚੋਂ ਹੰਝੂ ਛਲਕ ਉੱਠੇ।

ਮੇਲੇ ਵਿਚ ਤਰਕਸ਼ੀਲ (ਰੈਸ਼ਨਲਿਸਟ)ਸੁਸਾਇਟੀ ਕਨੈਡਾ ਦੇ ਪ੍ਰਧਾਨ ਬਲਦੇਵ ਰੈਹਿਪਾ (ਬਰੈਂਪਟਨ) ਬਤੌਰ ਮੁੱਖ ਮਹਿਮਾਨ ਸ਼ਾਮਲ ਹੋਏ ਅਤੇ ਉਨ੍ਹਾਂ ਤਰਕਸ਼ੀਲਤਾ ਅਤੇ ਅਗਾਂਹਵਧੂ ਸੋਚ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਚੈਸਟਰਮੀਅਰ ਦੀ ਕੌਂਸਲਰ ਕਿਰਨ ਰੰਧਾਵਾ ਨੇ ਵੀ ਆਪਣੇ ਵਿਚਾਰ ਰੱਖੇ। ਤਰਕਸ਼ੀਲ ਸੁਸਾਇਟੀ ਐਬਟਸਫੋਰਡ ਦੀ ਟੀਮ ਵੀ ਇਸ ਮੇਲੇ ਦਾ ਹਿੱਸਾ ਬਣੀ। ਬੀਰਬਲ ਭਦੌੜ, ਗੁਰਪ੍ਰੀਤ ਭਦੌੜ, ਬਲਦੇਵ ਭਦੌੜ ਦੁਆਰਾ ਕੀਤੇ ਜਾਦੂ ਦੇ ਟਰਿੱਕ ਵੀ ਖਿੱਚ ਦਾ ਕੇਂਦਰ ਰਹੇ। ਗੁਰਪ੍ਰੀਤ ਨੇ ਜਾਦੂ ਟਰਿੱਕਾਂ ਦੇ ਨਾਲ-ਨਾਲ ਹਾਸ ਵਿਅੰਗਾਂ ਰਾਹੀਂ ਦਰਸ਼ਕਾਂ ਦੇ ਢਿੱਡੀਂ ਪੀੜਾਂ ਪਾ ਦਿੱਤੀਆਂ। ਸਿਮਰਤਾ ਵੱਲੋਂ ਪੇਸ਼ ਕੀਤੇ ਸੰਤ ਰਾਮ ਉਦਾਸੀ ਦੇ ਗੀਤਾਂ ਨੇ ਦਰਸ਼ਕਾਂ ਦਾ ਮਨ ਮੋਹ ਲਿਆ।

ਪ੍ਰੋਗਰਾਮ ਦੇ ਅੰਤ ਵਿਚ ਪ੍ਰਧਾਨ ਦਰਸ਼ਨ ਔਜਲਾ ਨੇ ਆਏ ਮਹਿਮਾਨਾਂ, ਦਰਸ਼ਕਾਂ ਦਾ ਧੰਨਵਾਦ ਕੀਤਾ। ਪ੍ਰੋਗਰਾਮ ਦਾ ਸਟੇਜ ਸੰਚਾਲਨ ਤਰਕਸ਼ੀਲ (ਰੈਸ਼ਨਲਿਸਟ)ਸੁਸਾਇਟੀ ਕਨੈਡਾ ਦੇ ਜਨਰਲ ਸੱਕਤਰ ਬੀਰਬਲ ਭਦੌੜ ਨੇ ਬਾਖੂਬੀ ਨਿਭਾਇਆ।

## 'ਖੇਡਾਂ ਵਤਨ ਪੰਜਾਬ ਦੀਆਂ' ਤਹਿਤ ਅੱਜ ਟਾਰਚ ਰਿਲੇਅ ਪ੍ਰੋਗਰਾਮ

ਵਰਲਡ ਪੰਜਾਬੀ ਟਾਈਮਜ਼ — ਟਿੰਕੂ ਕੁਮਾਰ




ਕੋਟਕਪੂਰਾ, 22 ਅਗਸਤ : ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੀ ਯੋਗ ਅਗਵਾਈ ਹੇਠ ਪੰਜਾਬਨੂੰ ਖੇਡਾਂ ਵਿੱਚ ਦੇਸ਼ ਦਾ ਮੋਹਰੀ ਸੂਬਾ ਬਣਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਅਤੇ ਖੇਡਾਂ ਤੇ ਯੁਵਕ ਸੇਵਾਵਾਂ ਵਿਭਾਗ ਵੱਲੋ 'ਖੇਡਾਂ ਵਤਨ ਪੰਜਾਬ ਦੀਆਂ' 2025 ਸੀਜ਼ਨ-4 ਕਰਵਾਈਆ ਜਾ ਰਹੀਆ ਹਨ ਜਿਸ ਤਹਿਤ ਫ਼ਰੀਦਕੋਟ ਵਿਖੇ 22 ਅਗਸਤ ਨੂੰ ਨਹਿਰੂ ਸਟੇਡੀਅਮ ਵਿਖੇ ਟਾਰਚ ਰਿਲੇਅ ਪ੍ਰੋਗਰਾਮ ਕਰਵਾਇਆ ਜਾ ਰਿਹਾ ਹੈ। ਇਹ ਜਾਣਕਾਰੀ ਜ਼ਿਲ੍ਹਾ ਖੇਡ ਅਫ਼ਸਰ ਬਲਜਿੰਦਰ ਸਿੰਘ ਨੇ ਦਿੱਤੀ। ਉਨ੍ਹਾਂ ਜਾਣਕਾਰੀ ਦਿੰਦਿਆ ਦੱਸਿਆ ਕਿ ਇਹ ਓਲੰਪਿਕ ਟਾਰਚ ਮਿਤੀ 22.08.2025 ਨੂੰ ਜਿਲ੍ਹਾ ਫਾਜਿਲਕਾ ਤੋਂ ਗੁਰੂਹਰਸਹਾਏ, ਸਾਦਿਕ ਤੋਂ ਹੁੰਦੇ ਹੋਏ ਫਰੀਦਕੋਟ ਵਿਖੇ ਪਹੁੰਚੇਗੀ ਅਤੇ ਨਹਿਰੂ ਸਟੇਡੀਅਮ ਫ਼ਰੀਦਕੋਟ ਵਿਖੇ ਟਾਰਚ ਰਿਲੇਅ ਦਾ ਸਵਾਗਤ ਪ੍ਰੋਗਰਾਮ ਸ਼ਾਮ 4.30 ਵਜੇ ਕਰਵਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਫ਼ਰੀਦਕੋਟ ਵੱਲੋ ਟਾਰਚ ਨੂੰ ਅੱਗੇ ਮਿਤੀ 23.08.2025 ਨੂੰ ਜਿਲ੍ਹਾ ਫ਼ਿਰੋਜਪੁਰ ਨੂੰ ਸਪੁਰਦ ਕੀਤਾ ਜਾਵੇਗਾ।

## ਸੀਨਅਰ ਸਿਟੀਜ਼ਨਜ਼ ਨੂੰ ਗੁਲਾਬ ਦੇ ਫੁੱਲ ਦੇ ਕੇ ਸੀਨੀਅਰ ਸਿਟੀਜਨ ਦਿਵਸ ਮਨਾਇਆ

ਵਰਲਡ ਪੰਜਾਬੀ ਟਾਈਮਜ਼



ਪਟਿਆਲਾ : 22 ਅਗਸਤ : ਸੀਨੀਅਰ ਸਿਟੀਜ਼ਨਜ਼ ਨੂੰ ਰੋਜ਼ਾਨਾ ਜੀਵਨ ਵਿੱਚ ਆਪਣੀ ਸਿਹਤ ਦਾ ਚੈਕ ਅਪ ਲਗਾਤਾਰ ਕਰਵਾਉਂਦੇ ਰਹਿਣਾ ਚਾਹੀਦਾ ਹੈ। ਇਸ ਤੋਂ ਇਲਵਾ ਆਧੁਨਿਕ ਯੁਗ ਅਨੁਸਾਰ ਆਪਣੇ ਆਪ ਨੂੰ ਪਰਿਵਾਰਾਂ ਵਿੱਚ ਅਡਜਸਟ ਕਰਨਾ ਚਾਹੀਦਾ ਹੈ, ਕਿਉਂਕਿ ਗਿਆਨ ਵਿਗਿਆਨ ਦੀ ਤਰੱਕੀ ਨਾਲ ਸਮੁੱਚੀ ਰਹਿਣੀ- ਸਹਿਣੀ ਤੇ ਵਿਚਾਰ-ਵਿਵਹਾਰ ਬਦਲ ਗਿਆ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਉਜਾਗਰ ਸਿੰਘ ਸੇਵਾ ਮੁਕਤ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ ਨੇ ਸੀਨੀਅਰ ਸਿਟੀਜ਼ਨਜ਼ ਵੈਲਫੇਅਰ ਸੋਸਾਇਟੀ ਅਰਬਨ ਅਸਟੇਟ ਪਟਿਆਲਾ ਦੀ ਸੀਨੀਅਰ ਸਿਟੀਜ਼ਨ ਦਿਵਸ ਮਨਾਉਣ ਲਈ ਆਯੋਜਤ ਮੀਟਿੰਗ ਵਿੱਚ ਬੋਲਦਿਆਂ ਕੀਤਾ। ਉਨ੍ਹਾਂ ਅੱਗੋਂ ਕਿਹਾ ਸਰਕਾਰੀ ਦਫ਼ਤਰਾਂ ਅਤੇ ਹੋਰ ਸੰਸਥਾਵਾਂ ਨੂੰ ਸੀਨੀਅਰ ਸਿਟੀਜ਼ਨਜ਼ ਨੂੰ ਪਹਿਲ ਦੇ ਆਧਾਰ 'ਤੇ ਅਟੈਂਡ ਕਰਨਾ ਚਾਹੀਦਾ ਹੈ, ਕਿਉਂਕਿ ਸੀਨੀਅਰ ਸਿਟੀਜ਼ਨ ਸਮਾਜ ਦਾ ਸਰਮਾਇਆ ਹੁੰਦੇ ਹਨ। ਤੰਦਰੁਸਤ ਰਹਿਣ ਲਈ ਲੋੜ ਅਨੁਸਾਰ ਹਲਕਾ-ਫੁਲਕਾ ਖਾਣਾ, ਖਾਣ ਨੂੰ ਤਰਜੀਹ ਦੇਣੀ ਚਾਹੀਦੀ ਹੈ। ਹਲਕੀ ਕਸਰਤ, ਯੋਗਾ ਅਤੇ ਸੈਰ ਕਰਨੀ ਚਾਹੀਦੀ ਹੈ। ਇਸ ਮੌਕੇ 'ਤੇ ਡਾ.ਭੀਮਇੰਦਰ ਸਿੰਘ ਡਾਇਰੈਕਟਰ ਵਰਲਡ ਪੰਜਾਬੀ ਸੈਂਟਰ ਨੇ ਦੇਸ਼ ਦੀ ਆਜ਼ਾਦੀ ਦੀ ਮੁਹਿੰਮ ਬਾਰੇ ਮੁੱਖ ਭਾਸ਼ਣ ਵਿੱਚ ਵਿਸਤਾਰ ਨਾਲ ਜਾਣਕਾਰੀ




ਦਿੱਤੀ। ਸਰਮਾਏਦਾਰੀ ਦੇ ਚੁੰਗਲ ਵਿੱਚੋਂ ਨਿਕਲਣ ਦੀ ਤਾਕੀਦ ਕੀਤੀ। ਡਾ.ਗੁਰਸ਼ਰਨ ਕੌਰ ਜੱਗੀ ਨੇ ਸੋਸਾਇਟੀ ਦੀ ਡਾਇਰੈਕਟਰੀ ਜਾਰੀ ਕੀਤੀ। ਦਲੀਪ ਸਿੰਘ ਉਪਲ ਨੇ ਡਾ.ਭੀਮਇੰਦਰ ਸਿੰਘ ਦੀ ਜਾਣ ਪਹਿਚਾਣ ਕਰਵਾਈ। ਸੋਸਾਇਟੀ ਵੱਲੋਂ ਸਾਰੇ ਮੈਂਬਰਾਂ ਨੂੰ ਸੀਨੀਅਰ ਸਿਟੀਜ਼ਨ ਦਿਵਸ ਦੇ ਮੌਕੇ 'ਤੇ ਗੁਲਾਬ ਦੇ ਫੁੱਲ ਭੇਂਟ ਕੀਤੇ ਗਏ। ਇਸ ਮੌਕੇ 'ਤੇ ਮਨੀਪਾਲ ਹਸਪਤਾਲ ਪਟਿਆਲਾ ਦੇ ਹੱਡੀਆਂ ਅਤੇ ਯੂਰੋਲੋਜੀ ਦੀਆਂ ਬੀਮਾਰੀਆਂ ਦੇ ਮਾਹਿਰ ਡਾਕਟਰਾਂ ਨੇ ਮੈਂਬਰਾਂ ਦਾ ਚੈਕ ਅਪ ਕੀਤਾ। ਨਿਰਮਲ ਕੌਰ ਰੋਜ, ਤਰਲੋਕ ਸਿੰਘ ਢਿਲੋਂ ਅਤੇ ਗੁਰਮੀਤ ਕੌਰ ਨੇ ਕਵਿਤਾਵਾਂ ਅਤੇ ਗੀਤ ਸੁਣਾਕੇ ਮੈਂਬਰਾਂ ਦਾ ਮਨੋਰੰਜਨ ਕੀਤਾ। ਮੈਂਬਰਾਂ ਦੇ ਜਨਮ ਦਿਨ ਕੇਕ ਕੱਟਕੇ ਮਨਾਏ ਤੇ ਤੋਹਫ਼ੇ ਦਿੱਤੇ ਗਏ। ਹਰਬੰਸ ਸਿੰਘ ਸੇਠੀ ਤੇ ਸੁਦਰਸ਼ਨ ਸੇਠੀ ਦੀ ਜੋੜੀ ਨੂੰ 80ਵੇਂ ਜਨਮ ਦਿਵਸ ਤੇ ਸਾਲ ਦੇ ਕੇ ਸਨਮਾਨਤ ਕੀਤਾ ਗਿਆ। ਅਸ਼ੋਕ ਰਾਜ ਸਿੰਘ ਪੰਨੂੰ ਪ੍ਰਧਾਨ ਸੋਸਾਇਟੀ ਨੇ ਪ੍ਰਧਾਨਗੀ ਭਾਸ਼ਣ ਵਿੱਚ ਪੁਡਾ ਨਾਲ ਤਾਲਮੇਲ ਕਰਕੇ ਅੱਗੇ ਤੋਂ ਹਰ ਮਹੀਨੇ ਸੋਸਾਇਟੀ ਦੀ ਮੀਟਿੰਗ ਈਲਾਈਟ ਕਲੱਬ ਵਿੱਚ ਕਰਨ ਦੇ ਪ੍ਰਬੰਧ ਬਾਰੇ ਜਾਣਕਾਰੀ ਦਿੱਤੀ ਤੇ ਸਾਰਿਆਂ ਦਾ ਧੰਨਵਾਦ ਕੀਤਾ। ਸੋਸਇਟੀ ਦੇ ਜਨਰਲ ਸਕੱਤਰ ਐਸ.ਪੀ.ਗੋਇਲ ਨੇ ਮੁੱਖ ਮਹਿਮਾਨ ਅਤੇ ਮੈਂਬਰਾਂ ਨੂੰ ਜੀਅ ਆਇਆਂ ਕਿਹਾ ਤੇ ਮੰਚ ਸੰਚਾਲਨ ਕੀਤਾ।

ਤਸਵੀਰਾਂ : ਉਜਾਗਰ ਸਿੰਘ ਭਾਸ਼ਣ ਦਿੰਦੇ ਹੋਏ, ਮੀਟਿੰਗ ਵਿੱਚ ਸ਼ਾਮਲ ਸੀਨੀਅਰ ਸਿਟੀਜ਼ਨਜ਼

## ਅਠਾਰਾਂ ਰੇਖਾ ਚਿੱਤਰਾਂ ਨਾਲ ਭਰਪੂਰ ਪ੍ਰੋ. ਰਵਿੰਦਰ ਸਿੰਘ ਭੱਠਲ ਦੀ ਪੁਸਤਕ ਵਰਣਾ ਦੇ ਵਣਜਾਰੇ ਪੁਸਤਕ ਪੇਸ਼

ਵਰਲਡ ਪੰਜਾਬੀ ਟਾਈਮਜ਼ ਗੁਰਭਜਨ ਗਿੱਲ




ਸਹਿਜ ਤੋਰ ਤੁਰਦੇ ਪੰਜਾਬੀ ਕਵੀ ਤੇ ਪੰਜਾਬੀ ਸਾਹਿੱਤ ਅਕਾਡਮੀ ਲੁਧਿਆਣਾ ਦੇ ਸਾਬਕਾ ਪ੍ਰਧਾਨ ਪ੍ਰੋ. . ਰਵਿੰਦਰ ਭੱਠਲ ਦੀ ਗਿਆਰਵੀਂ ਪੁਸਤਕ ਅੱਜ ਮਿਲੀ ਹੈ। ਇਸ ਵਿੱਚ ਲਿਖੇ ਅਠਾਰਾਂ ਰੇਖਾ ਚਿੱਤਰ ਤੇ ਡਾ. ਤੇਜਾ ਸਿੰਘ ਤਿਲਕ ਦਾ ਮੁੱਖ ਬੰਦ ਤੈ ਦਰਸ਼ਨ ਬੁੱਟਰ ਦੀ ਪਿੱਠ ਟਿਪਣੀ ਪੁਸਤਕ ਦੀ ਸ਼ਾਨ ਹੈ। ਪ੍ਰੀਤ ਪਬਲੀਕੇਸ਼ਨ ਨਾਭਾ ਦਾ ਸੰਚਾਲਕ ਤੇ ਪੰਜਾਬੀ ਕਵੀ ਸੁਰਿੰਦਰ ਜੀਤ ਚੌਹਾਨ ਇਸ ਪੁਸਤਕ ਬਾਰੇ ਲਿਖਦਾ ਹੈ ਕਿ ਪ੍ਰੋ. ਰਵਿੱਦਰ ਭੱਠਲ ਜੀ ਸਾਹਿਤ ਜਗਤ ਨੂੰ ਪ੍ਰਣਾਈ ਰੂਹ ਹਨ ਅਤੇ ਮਾਂ ਬੋਲੀ ਪੰਜਾਬੀ ਨੂੰ ਸਮਰਪਿਤ ਹਨ। ਸਾਲ 1975 ਵਿਚ "ਕਾਲੇ ਕੋਹਾਂ ਤੋਂ ਪਰ੍ਹੇ" ਕਾਵਿ ਸੰਗ੍ਰਹਿ ਨਾਲ ਆਪਣਾ ਸਾਹਿਤਕ ਸਫ਼ਰ ਸ਼ੁਰੂ ਕਰ ਸਾਲ ਦਰ ਸਾਲ 11 ਮੌਲਿਕ ਕਾਵਿ ਪੁਸਤਕਾਂ ਤੋਂ ਇਲਾਵਾ 8 ਸੰਪਾਦਿਤ ਅਤੇ 4 ਅਨੁਵਾਦ ਪੁਸਤਕਾਂ ਸਾਹਿਤ ਦੀ ਝੋਲ਼ੀ ਪਾਉਣ ਉਪਰੰਤ ਆਪਣੀ ਅਗਲੇਰੀ ਕਿਰਤ "ਵਰਣਾਂ ਦੇ ਵਣਜਾਰੇ" ਲੈ ਕੇ ਹਾਜ਼ਰ ਹੋਣ ਜਾ ਰਹੇ ਹਨ, ਜਿਸ ਵਿੱਚ ਉਨ੍ਹਾਂ ਆਪਣੇ ਸਮਕਾਲੀ, ਆਪਣੇ ਆਪਣੇ ਖ਼ਿੱਤੇ ਵਿੱਚ ਆਪਣੀਆਂ ਸਾਹਿਤਕ ਕਿਰਤਾਂ ਰਾਹੀਂ ਨਾਮਣਾ ਖੱਟਣ ਵਾਲੇ ਮੀਲ ਪੱਥਰ ਬਣੇ ਕੁਝ ਵੱਡੇ ਕਲਮਕਾਰਾਂ ਦੇ ਕਾਵਿ ਚਿੱਤਰ ਉਲੀਕਣ ਦੀ ਕੋਸ਼ਿਸ਼ ਕੀਤੀ ਹੈ। ਜਿਸ ਵਿੱਚ 18 ਸ਼ਖ਼ਸੀਅਤਾਂ ਸ਼ਾਮਲ ਹਨ। ਕ੍ਰਮਵਾਰ ਜੇ ਨਾਮ ਲਿਖੇ ਜਾਣ ਤਾਂ ਮਨਮੋਹਨ ਬਾਵਾ, ਮੋਹਨ ਕਾਹਲੋਂ, ਜਰਨੈਲ ਸੇਖਾ, ਗੁਰਭਜਨ ਗਿੱਲ, ਜੰਗ ਬਹਾਦਰ ਗੋਇਲ, ਨਿਰੰਜਨ ਤਸਨੀਮ, ਰਾਮ ਸਰੂਪ ਅਣਖੀ, ਓਮ ਪ੍ਰਕਾਸ਼ ਗਾਸੋ, ਜਸਵੀਰ ਭੁੱਲਰ, ਜਗੀਰ ਸਿੰਘ ਜਗਤਾਰ, ਜੋਗਾ ਸਿੰਘ, ਪ੍ਰੀਤਮ ਸਿੰਘ ਰਾਹੀ, ਤੇਜਵੰਤ ਮਾਨ, ਬਸੰਤ ਕੁਮਾਰ ਰਤਨ, ਸਾਧੂ ਸਿੰਘ ਬੇਦਿਲ, ਰਮਾ ਰਤਨ, ਪ੍ਰੋ. ਰਾਜਪਾਲ ਸਿੰਘ ਤੇ ਪ੍ਰੀਤਮ ਸਿੰਘ ਰਸੀਆ ਸ਼ਾਮਲ ਹਨ। ਇਹ ਇਕ ਵੱਡਾ ਉੱਦਮ ਹੈ। ਸੋ ਆਓ, ਇਸ ਕਿਰਤ ਦਾ ਸਵਾਗਤ ਕਰੀਏ। ਪ੍ਰੀਤ ਪਬਲੀਕੇਸ਼ਨ ਨਾਭਾ ਦੀ ਸਮੁੱਚੀ ਟੀਮ ਵੱਲੋਂ ਇਸ ਪੁਸਤਕ ਨੂੰ ਨਿੱਘੀ ਜੀ ਆਇਆਂ ਨੂੰ, ਪੁਸਤਕ ਪਾਠਕਾਂ ਦੇ ਸਨਮੁੱਖ ਹਾਜ਼ਰ ਹੈ।

ਮੈਂ ਇਸ ਪੁਸਤਕ ਦੇ ਪ੍ਰਕਾਸ਼ਨ ਲਈ ਪ੍ਰੋ. ਰਵਿੰਦਰ ਭੱਠਲ ਨੂੰ ਮੁਬਾਰਕ ਦਿੰਦਾ ਹਾਂ। ਇਹ ਪੁਸਤਕ ਉਨ੍ਹਾਂ ਆਪਣੀ ਧੀ ਇਬਨਾ ਦੀ ਪਲੇਠੀ ਧੀ ਅੰਬਰੀਨ ਗੁਰਾਇਆ ਨੂੰ ਸਮਰਪਿਤ ਕੀਤੀ ਹੈ। ਪਰਸੋਂ ਪਟਿਆਲੇ ਉਸ ਨੂੰ ਹੀ ਪਹਿਲੀ ਕਾਪੀ ਭੇਂਟ ਕੀਤੀ ਗਈ।

## ਜੰਮੂ-ਕਸ਼ਮੀਰ ਦੀ ਇਕ ਪ੍ਰਸਿੱਧ ਸ਼ਖ਼ਸੀਅਤ : ਸਾਬਕਾ ਪ੍ਰਿੰਸੀਪਲ ਅਤੇ ਜ਼ਿਲਾ ਸਿਖਿਆ ਅਫ਼ਸਰ ਸ੍ਰ. ਨਿਰੰਜਨ ਸਿੰਘ ਨਾਲ ਇਕ ਯਾਦਗਾਰ ਸੰਵਾਦ

ਵਰਲਡ ਪੰਜਾਬੀ ਟਾਈਮਜ਼ ਬਲਵਿੰਦਰ 'ਬਾਲਮ' ਗੁਰਦਾਸਪੁਰ



ਸ੍ਰੀਨਗਰ – ਸ੍ਰੀਨਗਰ ਦੇ ਸੁਹਾਵਨੇ ਮਾਹੌਲ ਵਿੱਚ ਬੀਤੇ ਦਿਨ ਸ਼ੀਰਾਜ਼ਾ ਪੰਜਾਬੀ ਦੇ ਸੰਪਾਦਕ ਪੋਪਿੰਦਰ ਸਿੰਘ ਪਾਰਸ ਵਲੋਂ ਜੰਮੂ-ਕਸ਼ਮੀਰ ਦੀ ਇਕ ਪ੍ਰਸਿੱਧ ਸ਼ਖ਼ਸੀਅਤ, ਸਾਬਕਾ ਪ੍ਰਿੰਸੀਪਲ ਅਤੇ ਜ਼ਿਲਾ ਸਿੱਖਿਆ ਅਫ਼ਸਰ ਸ੍ਰੀ ਨਿਰੰਜਨ ਸਿੰਘ ਨਾਲ ਇੱਕ ਯਾਦਗਾਰ ਸੰਵਾਦ ਕੀਤਾ ਗਿਆ। ਇਹ ਸੰਵਾਦ ਨਾ ਸਿਰਫ਼ ਇੱਕ ਸਿੱਖਿਆਵਿਦ ਨਾਲ ਗੱਲਬਾਤ ਸੀ, ਸਗੋਂ ਇੱਕ ਅਜਿਹੀ ਰੂਹਾਨੀ ਯਾਤਰਾ ਵੀ ਸੀ ਜੋ ਸਿੱਖਿਆ, ਸਮਾਜ ਅਤੇ ਮਨੁੱਖੀ ਮੁੱਲਾਂ ਦੀ ਗਹਿਰਾਈ ਤੱਕ ਪਹੁੰਚੀ। ਸ੍ਰੀ ਨਿਰੰਜਨ ਸਿੰਘ, ਜਿਹੜੇ ਜੰਮੂ-ਕਸ਼ਮੀਰ ਦੇ ਸਿੱਖਿਆ ਅਤੇ ਸਾਹਿਤਕ ਖੇਤਰ ਵਿੱਚ ਇੱਕ ਪ੍ਰਸਿੱਧ ਨਾਮ ਹਨ, ਨੇ ਇਸ ਗੱਲਬਾਤ ਦੌਰਾਨ ਇਤਿਹਾਸਕ ਦਸਤਾਵੇਜ਼ਾਂ ਰਾਹੀਂ ਘਾਟੀ ਦੇ ਸਮਾਜਿਕ ਅਤੇ ਸਿੱਖਿਆਕ ਵਿਰਾਸਤ ਦੀ ਵਿਸ਼ਲੇਸ਼ਣਾਤਮਕ ਝਲਕ ਪੇਸ਼ ਕੀਤੀ। ਉਨ੍ਹਾਂ ਨੇ ਕਿਹਾ ਕਿ ਸਿੱਖਿਆਕਾਰ ਸਿਰਫ਼ ਵਿਦਿਆ ਨਹੀਂ, ਸਗੋਂ ਮਨੁੱਖਤਾ ਦੀ ਰਾਹਨੁਮਾਈ ਕਰਦੇ ਹਨ। ਆਪਣੇ ਅਧਿਆਪਕ ਜੀਵਨ ਦੇ ਤਜਰਬਿਆਂ ਰਾਹੀਂ ਉਨ੍ਹਾਂ ਨੇ ਵਿਦਿਆਰਥੀਆਂ ਦੀਆਂ ਅੰਦਰੂਨੀ ਯੋਗਤਾਵਾਂ ਨੂੰ ਉਭਾਰਨ ਦੀ ਲੋੜ 'ਤੇ ਜ਼ੋਰ ਦਿੱਤਾ। ਇਸ ਗੱਲਬਾਤ ਵਿੱਚ ਕਈ ਪ੍ਰਸਿੱਧ ਸਾਹਿਤਕਾਰਾਂ, ਕਲਮਕਾਰਾਂ ਅਤੇ ਸਮਾਜ ਸੇਵਕਾਂ ਦੀ ਭੂਮਿਕਾ 'ਤੇ ਵੀ ਚਰਚਾ ਹੋਈ। ਉਨ੍ਹਾਂ ਨੇ ਕਿਹਾ ਕਿ ਕਸ਼ਮੀਰ ਦੀ ਧਰਤੀ ਨੇ ਹਰ ਯੁੱਗ ਵਿੱਚ ਅਜਿਹੀਆਂ ਵਿਅਕਤੀਆਂ ਨੂੰ ਜਨਮ ਦਿੱਤਾ ਜਿਨ੍ਹਾਂ ਨੇ ਆਪਣੀ ਲਿਖਤ ਅਤੇ ਵਿਚਾਰਾਂ ਰਾਹੀਂ ਲੋਕਾਂ ਦੇ ਮਨਾਂ ਵਿੱਚ ਅਮਿੱਟ ਛਾਪ ਛੱਡੀ। ਆਧੁਨਿਕ ਮਨੁੱਖੀ ਮਨ ਦੀ ਬੇਚੈਨੀ 'ਤੇ ਚਰਚਾ ਕਰਦੇ ਹੋਏ ਉਨ੍ਹਾਂ ਨੇ ਕਿਹਾ ਕਿ ਅੱਜ ਦਾ ਮਨੁੱਖ ਸੁਵਿਧਾਵਾਂ ਨਾਲ ਘਿਰਿਆ ਹੋਇਆ ਹੋਣ ਦੇ ਬਾਵਜੂਦ ਵੀ ਆਤਮਕ ਤਸੱਲੀ ਤੋਂ ਖਾਲੀ ਹੈ। ਇਹ ਸੁਨੇਹਾ ਕਿ ਭੌਤਿਕ ਤਰੱਕੀ ਦੇ ਨਾਲ ਆਤਮਕ ਸ਼ਾਂਤੀ ਅਤੇ ਮਨੁੱਖੀ ਮੁੱਲ ਵੀ ਜ਼ਰੂਰੀ ਹਨ, ਉਨ੍ਹਾਂ ਦੀ ਸੋਚ ਦੀ ਗੰਭੀਰਤਾ ਨੂੰ ਦਰਸਾਉਂਦਾ ਹੈ। ਪੋਪਿੰਦਰ ਸਿੰਘ ਪਾਰਸ ਨੇ ਕਿਹਾ ਕਿ ਇਹ ਮੁਲਾਕਾਤ ਉਨ੍ਹਾਂ ਲਈ ਨਾ ਸਿਰਫ਼ ਪੁਰਾਣੀਆਂ ਯਾਦਾਂ ਨੂੰ ਤਾਜ਼ਾ ਕਰਨ ਵਾਲੀ ਸੀ, ਸਗੋਂ ਨਵੀਂ ਪੀੜ੍ਹੀ ਲਈ ਇੱਕ ਰੋਸ਼ਨ ਰਾਹ ਵੀ। ਸ੍ਰੀ ਨਿਰੰਜਨ ਸਿੰਘ ਵਰਗੀਆਂ ਸ਼ਖ਼ਸੀਅਤਾਂ ਸਮਾਜ ਲਈ ਇੱਕ ਚਾਨਣ ਹਨ, ਜੋ ਸਿਰਫ਼ ਪਾਠਸ਼ਾਲਾਵਾਂ ਤੱਕ ਸੀਮਿਤ ਨਹੀਂ, ਸਗੋਂ ਲੋਕਾਂ ਦੇ ਦਿਲਾਂ ਵਿਚ ਵੱਸਦੇ ਹਨ।

## ਗੀਤ

ਦੇਸ਼ 'ਚ



ਅੰਨੀ ਲੁੱਟ ਮਚਾ ਗਏ ਨਸ਼ਿਆਂ ਦੇ ਵਿਉਪਾਰੀ।
ਕੀ-ਕੀ ਦੱਸਾਂ ਕੀ-ਕੀ ਖਾ ਗਏ ਨਸ਼ਿਆਂ ਦੇ ਵਿਉਪਾਰੀ।

ਸੜਕਾਂ ਖਾ ਗਏ ਬਿਜਲੀ ਖਾ ਗਏ ਖਾ ਗਏ ਮੰਦਿਰ ਦੁਆਰੇ।
ਚੜ੍ਹਤ ਚੜ੍ਹਾਵੇ ਘਰ ਨੂੰ ਲੈ ਗਏ ਦਫ਼ਤਰ ਖਾ ਗਏ ਸਾਰੇ।

ਵਰਲਡ ਪੰਜਾਬੀ ਟਾਈਮਜ਼ ਬਲਵਿੰਦਰ 'ਬਾਲਮ' ਗੁਰਦਾਸਪੁਰ

ਕਰਜ਼ੇ ਵਾਲਾ ਬੋਝ ਚੜ੍ਹਾ ਗਏ ਨਸ਼ਿਆਂ ਦੇ ਵਿਉਪਾਰੀ।
ਦੇਸ਼ 'ਚ ਅੰਨੀ ਲੁੱਟ ਮਚਾ ਗਏ ਨਸ਼ਿਆਂ ਦੇ ਵਿਉਪਾਰੀ।

ਛੈਲ ਛਬੀਲੇ ਗਭਰੂ ਨਾਰਾਂ ਆਤੰਕ ਦੇ ਨਾਲ ਜੋੜੇ।
ਨਸ਼ਿਆਂ ਗੰਨੇ ਵਾਗੂੰ ਪੀੜ ਦੇ ਲੱਕ ਦੇ ਵਿੱਚੋਂ ਤੋੜੇ।

ਕੌਡੀਆਂ ਭਾਅ ਬੱਚੇ ਮਰਵਾ ਗਏ ਨਸ਼ਿਆਂ ਦੇ ਵਿਉਪਾਰੀ।
ਦੇਸ਼ 'ਚ ਅੰਨੀ ਲੁੱਟ ਮਚਾ ਗਏ ਨਸ਼ਿਆਂ ਦੇ ਵਿਉਪਾਰੀ।

ਮੌਜੂਦਾ ਹਾਲਾਤ 'ਚ ਦਿੱਤੇ ਲਾਲਚ ਦੇ ਸੱਮੋਹਨ।
ਦੇ ਕੇ ਜ਼ਖ਼ਮ ਅਵੱਲੇ ਸਾਰੇ ਲੂਣ ਲਗਾ ਕੇ ਧੋਵਨ।

ਉਜਲਾ ਭਵਿੱਖ ਲੁੱਟਣ ਆ ਗਏ ਨਸ਼ਿਆਂ ਦੇ ਵਿਉਪਾਰੀ।
ਦੇਸ਼ 'ਚ ਅੰਨੀ ਲੁੱਟ ਮਚਾ ਗਏ ਨਸ਼ਿਆਂ ਦੇ ਵਿਉਪਾਰੀ।

ਬੇਰੁਜ਼ਗਾਰੀ ਦੇ ਨਾਂ ਉਤੇ ਲੁੱਟ ਲਏ ਸ਼ਹਿਰ ਨਗੀਨੇ।
ਥਾਂ-ਥਾਂ ਉਤ ਪ੍ਰੇਰਕ ਛਡ 'ਤੇ ਪੀਵਣ ਖ਼ੂਨ ਕਮੀਨੇ।

ਸਦੀਆਂ ਤੀਕਰ ਜਨ ਤੜਪਾ ਗਏ ਨਸ਼ਿਆਂ ਦੇ ਵਿਉਪਾਰੀ।
ਦੇਸ਼ 'ਚ ਅੰਨੀ ਲੁੱਟ ਮਚਾ ਗਏ ਨਸ਼ਿਆਂ ਦੇ ਵਿਉਪਾਰੀ।

ਸੰਵੇਦਨ ਸ਼ੀਲ ਅਦਾਵਾਂ ਦੇ ਵਿਚ ਕੱਟੜਤਾ ਭਰ ਦਿੱਤੀ।
ਸੋਚ-ਮੁਹੱਬਤ ਵਾਲੀ ਸਾਰੀ ਲੰਗੜੀ ਹੀ ਕਰ ਦਿੱਤੀ।

ਹਰ ਰਿਸ਼ਤੇ ਵਿਚ ਗੁੰਝਲਾਂ ਪਾ ਗਏ ਨਸ਼ਿਆਂ ਦੇ ਵਿਉਪਾਰੀ।
ਦੇਸ਼ 'ਚ ਅੰਨੀ ਲੁੱਟ ਮਚਾ ਗਏ ਨਸ਼ਿਆਂ ਦੇ ਵਿਉਪਾਰੀ।

ਪਾਕਿ-ਪਵਿੱਤਰ ਸੱਤਾ ਸਾਰੀ ਲੋਕਾਂ ਤੋਂ ਹਤਿਆਈ।
ਹਰਨਾਕਸ਼ ਦੇ ਵਾਗੂੰ ਕਰਦੇ ਅਪਣੀ ਖੁਦ ਵਡਿਆਈ।

ਕੋਰਟ ਕਚਹਿਰੀ ਦੇ ਵਿਚ ਛਾ ਗਏ ਨਸ਼ਿਆਂ ਦੇ ਵਿਉਪਾਰੀ।
ਦੇਸ਼ 'ਚ ਅੰਨੀ ਲੁੱਟ ਮਚਾ ਗਏ ਨਸ਼ਿਆਂ ਦੇ ਵਿਉਪਾਰੀ।

ਰਹਿਬਰ ਵਾਲਾ ਭੇਸ ਬਦਲ ਕੇ ਲੁੱਟਿਆ ਖ਼ੂਬ ਖ਼ਜ਼ਾਨਾ।
ਖ਼ੁਸ਼ਹਾਲੀ ਦੇ ਉਪਰ ਲਾਇਆ ਤੀਰਾਂ ਨਾਲ ਨਿਸ਼ਾਨਾ।

ਉਂਗਲਾਂ ਉਪਰ ਵਕਤ ਨਚਾ ਗਏ ਨਸ਼ਿਆਂ ਦੇ ਵਿਉਪਾਰੀ।
ਦੇਸ਼ 'ਚ ਅੰਨੀ ਲੁੱਟ ਮਚਾ ਗਏ ਨਸ਼ਿਆਂ ਦੇ ਵਿਉਪਾਰੀ।

ਪੀੜ੍ਹੀਆਂ ਤੀਕਰ ਗ਼ਲਤ ਰਵਾਇਤਾਂ ਮਸਤਕ ਦੇ ਵਿਚ ਭਰੀਆਂ।
ਜਿੱਦਾਂ ਬਿੱਲੀਆਂ ਸ਼ੇਰਾਂ ਕੋਲੋਂ ਗੁੱਠੇ ਲਗ-ਲਗ ਡਰੀਆਂ।

ਸੋਚਾਂ ਨੂੰ ਏਦਾਂ ਉਲਝਾ ਗਏ ਨਸ਼ਿਆਂ ਦੇ ਵਿਉਪਾਰੀ।
ਦੇਸ਼ 'ਚ ਅੰਨੀ ਲੁੱਟ ਮਚਾ ਗਏ ਨਸ਼ਿਆਂ ਦੇ ਵਿਉਪਾਰੀ।

ਜਾਗ੍ਰਤੀ ਨੇ ਸੋਚਾਂ ਦੇ ਵਿਚ ਇੱਕ ਕਰਾਂਤੀ ਦਿੱਤੀ।
ਨਵ ਯੁਵਕਾਂ ਨੇ ਹਾਰੀ ਹੋਈ ਸਾਰੀ ਬਾਜ਼ੀ ਜਿੱਤੀ।

ਡੂੰਘੀ ਪੀੜਾਂ ਵਿਚ ਕੁਰਲਾ ਗਏ ਨਸ਼ਿਆਂ ਦੇ ਵਿਉਪਾਰੀ।
ਦੇਸ਼ 'ਚ ਅੰਨੀ ਲੁੱਟ ਮਚਾ ਗਏ ਨਸ਼ਿਆਂ ਦੇ ਵਿਉਪਾਰੀ।

ਉਨਤੀ ਵਾਲੇ ਸਾਰੇ ਗੁਲਸ਼ਨ ਖ਼ੁਸ਼ਹਾਲੀ ਵਿਚ ਹੋਏ।
ਵੱਖੋ-ਵੱਖਰੇ ਫੁੱਲਾਂ ਵਾਲੇ ਸੁੰਦਰ ਹਾਰ ਪਿਰੋਏ।

ਫੇਰ ਸੁਧਾਰ ਘਰਾਂ ਵਿਚ ਆ ਗਏ ਨਸ਼ਿਆਂ ਦੇ ਵਿਉਪਾਰੀ।
ਏਸ ਕਰਕੇ ਬਾਲਮ ਦੀ ਹੈ ਗੀਤਾਂ ਵਿਚ ਸਰਦਾਰੀ।

## ਸੱਤਵੀਂ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਸੰਬੰਧੀ ਕੀਤੀ ਮੀਟਿੰਗ

### ਤਰਕਸ਼ੀਲਾਂ ਨੇ ਮੀਟਿੰਗ ਵਿੱਚ ਪ੍ਰੀਖਿਆ ਕੇਂਦਰ ਸੁਪਰਡੈਂਟ ਤੇ ਸਹਿਯੋਗੀ ਨਿਯੁਕਤ ਕੀਤੇ

### ਸਕੂਲ ਮੁਖੀਆਂ ਨੂੰ ਵਿਦਿਆਰਥੀਆਂ ਨੂੰ ਸਮੇਂ ਸਿਰ ਰੋਲ ਨੰਬਰ ਤੇ ਅਡਮਿਟ ਕਾਰਡ ਦੇਣ ਲਈ ਸੁਨੇਹਾ ਦਿੱਤਾ

ਵਰਲਡ ਪੰਜਾਬੀ ਟਾਈਮਜ਼ ਮਾਸਟਰ ਪਰਮ ਵੇਦ




ਸੰਗਰੂਰ 22 ਅਗਸਤ : ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸੰਗਰੂਰ ਦੀ ਇੱਕ ਅਹਿਮ ਮੀਟਿੰਗ ਇਕਾਈ ਮੁਖੀ ਸੁਰਿੰਦਰ ਪਾਲ ਉਪਲੀ ਦੀ ਅਗਵਾਈ ਵਿੱਚ ਸੰਗਰੂਰ ਵਿਖੇ ਹੋਈ। ਮੀਟਿੰਗ ਦੀ ਕਾਰਵਾਈ ਪ੍ਰੈਸ ਨਾਲ ਸਾਂਝੀ ਕਰਦਿਆਂ ਤਰਕਸ਼ੀਲ ਆਗੂ ਕ੍ਰਿਸ਼ਨ ਸਿੰਘ ਦੁੱਗਾਂ ਤੇ ਗੁਰਦੀਪ ਸਿੰਘ ਲਹਿਰਾ ਨੇ ਦੱਸਿਆ ਕਿ ਮੀਟਿੰਗ ਵਿੱਚ ਵਿਦਿਆਰਥੀਆਂ ਨੂੰ ਵਿਗਿਆਨਕ ਤੌਰ ਤੇ ਜਾਗਰੂਕ ਕਰਨ ਲਈ 29 ਤੇ 31 ਅਗਸਤ ਨੂੰ ਕਰਵਾਈ ਜਾ ਰਹੀ ਸੱਤਵੀਂ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਨੂੰ ਸੁਚਾਰੂ ਢੰਗ ਤੇ ਨਕਲ ਰਹਿਤ, ਸਹਿਜਤਾ ਪੂਰਨ ਨੇਪਰੇ ਚਾੜ੍ਹਨ ਹਿੱਤ ਵਿਚਾਰ ਵਟਾਂਦਰਾ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਇਕਾਈ ਸੰਗਰੂਰ ਵੱਲੋਂ 13 ਪ੍ਰੀਖਿਆ ਕੇਂਦਰਾਂ ਵਿੱਚ 25 ਸਕੂਲਾਂ ਦੇ 1014 ਵਿਦਿਆਰਥੀ ਪ੍ਰੀਖਿਆ ਵਿੱਚ ਬੈਠਣਗੇ। ਰੋਲ ਨੰਬਰ ਤੇ ਅਡਮਿਟ ਕਾਰਡ ਅਲਾਟ ਹੋ ਚੁੱਕੇ ਹਨ । ਉਨ੍ਹਾਂ ਦੱਸਿਆ ਕਿ ਮੀਟਿੰਗ ਵਿੱਚ ਸਾਰੇ ਪ੍ਰੀਖਿਆ ਕੇਂਦਰਾਂ ਵਿੱਚ ਸੁਪਰਡੈਂਟ ਤੇ ਸਹਿਯੋਗੀ ਨਿਯੁਕਤ ਕੀਤੇ ਗਏ । ਨਿਯੁਕਤ ਕੀਤੇ ਸੁਪਰਡੈਂਟਾਂ ਬਾਰੇ ਦੱਸਿਆ ਕਿ 31 ਅਗਸਤ ਦਿਨ ਐਤਵਾਰ ਨੂੰ ਹੋਣ ਵਾਲੇ ਪ੍ਰੀਖਿਆ ਕੇਂਦਰ -ਆਦਰਸ਼ ਮਾਡਲ ਸੀਨੀਅਰ ਸੈਕੰਡਰੀ ਸਕੂਲ ਸੰਗਰੂਰ ਲਈ ਲੈਕਚਰਾਰ ਧਨੀ ਰਾਮ,
ਸਸਸਸਸਕੂਲ ਬਡਰੁੱਖਾਂ ਲਈ ਲੈਕਚਰਾਰ ਕ੍ਰਿਸ਼ਨ ਸਿੰਘ,
ਸਸਸਸ ਬਾਲੀਆਂ ਲਈ ਲੈਕਚਰਾਰ ਜਸਵਿੰਦਰ ਸਿੰਘ.
ਦੇਵਰਾਜ ਡੀਏਵੀ ਸਕੂਲ ਲਹਿਰਗਾਗਾ–ਲੈਕਚਰਾਰ ਰਘਵੀਰ ਸਿੰਘ ਭੁਟਾਲ
ਸਸਸਸਸਕੂਲ ਭਵਾਨੀਗੜ੍ਹ( ਲੜਕੀਆਂ) -ਲੈਕਚਰਾਰ ਹਰੀਸ਼ ਕੁਮਾਰ
29 ਅਗੱਸਤ ਨੂੰ ਹੋਣ ਵਾਲੇ ਪ੍ਰੀਖਿਆ ਕੇਂਦਰ
ਬਪਚਨ ਇੰਗਲਿੰਸ਼ ਸਕੂਲ ਲਈ-ਲੈਕਚਰਾਰ ਜਸਦੇਵ ਸਿੰਘ,
ਸਪਰਿੰਗ ਡੇਲਜ਼ ਪਬਲਿਕ ਸਕੂਲ –ਲਈ ਹੈਡਮਿਸਟ੍ਰੈਸ ਇਕਬਾਲ ਕੌਰ,
ਸਸਸਸਸ ਮਹਿਲਾਂ — ਲੈਕਚਰਾਰ ਲਖਵੀਰ ਸਿੰਘ
ਸਸਸਸ ਥਲੇਸ —-ਮਾਸਟਰ ਗੁਰਜੰਟ ਸਿੰਘ
ਸਹਸਕੂਲ ਕੁਲਾਰ ਖ਼ੁਰਦ — ਲੈਕਚਰਾਰ ਸਰਵਜੀਤ ਸਿੰਘ
ਸਸਸਸਸਕੂਲ ਤੁੰਗਾਂ — ਮਾਸਟਰ ਅਮਰ ਸਿੰਘ
ਸਸਸਸ ਭਲਵਾਨ -ਲੈਕਚਰਾਰ ਕੁਲਦੀਪ ਸਿੰਘ ਕੰਮੋਮਾਜਰਾ
ਸੀਬਾ ਇੰਟਰਨੈਸ਼ਨਲ ਸਕੂਲ – ਲੈਕਚਰਾਰ ਬਲਰਾਜ ਸੰਗਤਪੁਰਾ , ਲੈਕਚਰਾਰ ਨਰੇਸ਼ ਕੁਮਾਰ, ਹੈਡਮਾਸਟਰ ਜਗਨ ਨਾਥ, ਡਾਕਟਰ ਬਿਹਾਰੀ ਮੰਡੇਰ,ਰਣਦੀਪ ਸੰਗਤਪੁਰਾ
ਉਨ੍ਹਾਂ ਦੱਸਿਆ ਕਿ 31 ਅਗਸਤ ਦਿਨ ਐਤਵਾਰ ਪ੍ਰੀਖਿਆ 9 ਤੋਂ 9:40 ਤਕ ਤੇ
29,ਅਗਸਤ ਦਿਨ ਸ਼ੁਕਰਵਾਰ ਲਈ ਸਮਾਂ 10:15 ਤੋਂ 10:55 ਹੈ
ਵਿਦਿਆਰਥੀਆਂ ਨੇ ਪ੍ਰੀਖਿਆ ਕੇਂਦਰ ਵਿੱਚ 30 ਮਿੰਟ ਪਹਿਲਾਂ ਆ ਕੇ ਰਿਪੋਰਟ ਕਰਨੀ ਹੈ ਤੇ ਅਡਮਿਟ ਕਾਰਡ ਲੈ ਕੇ ਆਉਣਾ ਹੈ। ਮੀਟਿੰਗ ਵਿੱਚ ਉਪਰੋਕਤ ਤੋਂ ਇਲਾਵਾ ਪ੍ਰਗਟ ਸਿੰਘ ਬਾਲੀਆਂ, ਮਨਧੀਰ ਸਿੰਘ,ਸੁਖਦੇਵ ਸਿੰਘ ਕਿਸ਼ਨਗੜ੍ਹ, ਮਾਸਟਰ ਕਰਤਾਰ ਸਿੰਘ,ਮਾਸਟਰ ਗੁਰਜੰਟ ਸਿੰਘ, ਮਾਸਟਰ ਅਮਰ ਸਿੰਘ, ਪਰਮਜੀਤ ਕੌਰ ਨੇ ਸ਼ਮੂਲੀਅਤ ਕੀਤੀ।

## ਮੈਂ

ਵਰਲਡ ਪੰਜਾਬੀ ਟਾਈਮਜ਼ ਪਰਮਜੀਤ ਲਾਲੀ

ਮਰਨ ਤੋਂ ਪਹਿਲਾਂ,ਮਰਦਾ ਨਹੀਂ ਮੈਂ,

ਹਾਕਮ ਨੂੰ ਕਹਿ ਦਿਓ,ਡਰਦਾ ਨਹੀਂ ਮੈਂ।

ਭਗਤ-ਸਰਾਬੇ ਦਾ,ਵਾਰਸ ਹਾਂ ਮੈਂ,

ਧੌਂਸ ਉਹਦੀ ਨੂੰ,ਜਰਦਾ ਨਹੀਂ ਮੈਂ।

ਦੁੱਲਾ-ਜਬਰੂ-ਜਿਉਣਾ,ਮੇਰਾ ਲਹੂ ਏ,

ਐਵੇਂ ਜੋਸ਼ ਡੌਲਿਆਂ ਚ,ਭਰਦਾ ਨਹੀਂ ਮੈਂ।

ਬਾਬੇ ਨਾਨਕ ਦਾ ਪੁੱਤ ਹਾਂ,ਕਿਰਤੀ ਕਾਮਾ,

ਕਿਸੇ ਖਾਂਦੇ-ਪੀਂਦੇ,ਘਰ ਦਾ ਨਹੀਂ ਮੈਂ।

ਜੋ ਖੁਦ ਨੂੰ ਖੱਬੀ-ਖਾਨ ਕਹਾਉਂਦਾ,

ਉਹਦੀ ਚੌਂਖਟ ਤੇ ਸਿਜਦਾ ਕਰਦਾ ਨਹੀਂ ਮੈਂ।

ਜਿੱਥੇ ਮੇਰਾ ਜਮੀਰ ਨਾ ਮੰਨੇ,

ਪੈਰ ਵੀ ਉੱਥੇ,ਧਰਦਾ ਨਹੀਂ ਮੈਂ।

ਮਿਹਨਤ ਨਾਲ,ਮੁਕਾਮ ਹੈ

ਐਡਾ ਸੌਖਾ ਹਰਦਾ ਨਹੀਂ ਮੈਂ।

ਐਡਾ ਸੌਖਾ ਹਰਦਾ ਨਹੀਂ ਮੈਂ..........